# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਦੇ ਸਕੂਲਾਂ ਵਿੱਚ ਟੀਚਿੰਗ ਅਸਾਮੀਆਂ ਦੀ ਭਰਤੀ ਲਈ ਮਿਤੀ 16-01-2024 ਨੂੰ ਦਿੱਤੇ ਗਏ ਇਸ਼ਤਿਹਾਰ ਨੰ. 357/2023 ਅਪਲਾਈ ਕੀਤੇ ਯੋਗ ਉਮੀਦਵਾਰਾਂ ਦੀ ਇੰਟਰਵਿਊ ਲਈ ਸਮ੍ਹਾਂ ਸਾਰਣੀ:

**ਜਰੂਰੀ ਹਦਾਇਤਾਂ:-**

**ਨੋਟ: ਸਾਰੀਆਂ ਜ਼ਰੂਰੀ ਹਦਾਇਤਾਂ ਅਤੇ ਸਮਾਂ ਸਾਰਣੀ ਨੂੰ ਧਿਆਨ ਨਾਲ ਪੜਿਆ ਜਾਵੇ।**

1. ਜਿਨ੍ਹਾਂ ਉਮੀਦਵਾਰਾਂ ਵਲੋਂ ਆਨਲਾਈਨ ਅਪਲਾਈ ਕਰਨ ਸਮੇਂ ਆਨਲਾਈਨ ਫੀਸ ਨਹੀਂ ਭਰੀ ਗਈ, ਉਹ ਯੋਗ ਉਮੀਦਵਾਰ ਸਬੂਤ ਵਜੋਂ User Id ਪੇਸ਼ ਕਰਨ ਉਪਰੰਤ ਇੰਟਰਵਿਊ ਮੌਕੇ 500/-(ਅੱਖਰੀ ਪੰਜ ਸੌਂ) ਰੁਪਏ ਨਗਦ ਫੀਸ ਜਮ੍ਹਾਂ ਕਰਵਾ ਕੇ ਰਸੀਦ ਕਟਵਾਉਣ ਉਪਰੰਤ ਇੰਟਰਵਿਊ ਦੇ ਸਕਦੇ ਹਨ।
2. ਵਿਸ਼ਾ ਅਧਿਆਪਕ (ਪੀ.ਜੀ.ਟੀ.) ਲਈ ਉਮੀਦਵਾਰ ਨੇ ਪੋਸਟ ਗ੍ਰੈਜੂਏਸ਼ਨ, ਗ੍ਰੈਜੂਏਸ਼ਨ ਅਤੇ ਬੀ.ਐਡ ਕੀਤੀ ਹੋਵੇ ਅਤੇ ਉਕਤ ਸਾਰੀਆਂ ਡਿਗਰੀਆਂ ਵਿਚ ਘੱਟ ਤੋਂ ਘੱਟ 55% ਅੰਕ ਹੋਣੇ ਲਾਜ਼ਮੀ ਹਨ। **ਵਿਸ਼ਾ ਅਧਿਆਪਕ ਲਈ ਪੋਸਟ ਗ੍ਰੈਜੂਏਸ਼ਨ ਸਬੰਧਤ ਵਿਸ਼ੇ ਵਿਚ ਹੀ ਹੋਣੀ ਚਾਹੀਦੀ ਹੈ।**
3. ਵਿਸ਼ਾ ਅਧਿਆਪਕ (ਟੀ.ਜੀ.ਟੀ.) ਲਈ ਉਮੀਦਵਾਰ ਨੇ ਪੋਸਟ ਗ੍ਰੈਜੂਏਸ਼ਨ, ਗ੍ਰੈਜੂਏਸ਼ਨ ਅਤੇ ਬੀ.ਐਡ ਕੀਤੀ ਹੋਵੇ ਅਤੇ ਉਕਤ ਸਾਰੀਆਂ ਡਿਗਰੀਆਂ ਵਿਚ ਘੱਟ ਤੋਂ ਘੱਟ 50% ਅੰਕ ਹੋਣੇ ਲਾਜ਼ਮੀ ਹਨ। **ਵਿਸ਼ਾ ਅਧਿਆਪਕ ਲਈ ਪੋਸਟ ਗ੍ਰੈਜੂਏਸ਼ਨ ਸਬੰਧਤ ਵਿਸ਼ੇ ਵਿਚ ਹੀ ਹੋਣੀ ਚਾਹੀਦੀ ਹੈ।**
4. ਫਿਜ਼ੀਕਲ ਐਜੂਕੇਸ਼ਨ ਦੀ ਅਸਾਮੀ ਲਈ ਐਮ.ਪੀਐਡ. ਡਿਗਰੀ, ਮਿਊਜ਼ਿਕ ਦੀ ਅਸਾਮੀ ਲਈ ਐਮ.ਏ. (ਮਿਊਜ਼ਿਕ), ਆਰਟ ਐਂਡ ਕਰਾਫਟ ਦੀ ਅਸਾਮੀ ਐਮ.ਏ. (ਫਾਈਨ ਆਰਟਸ) ਅਤੇ ਕੰਪਿਊਟਰ ਲਈ ਮਾਸਟਰ ਡਿਗਰੀ ਕੰਪਿਊਟਰ ਵਿਸ਼ੇ ਵਿਚ ਹੋਣੀ ਚਾਹੀਦੀ ਹੈ ਅਤੇ ਉਕਤ ਵਿਸ਼ਿਆਂ ਲਈ ਬੀ.ਐਡ. ਲਾਜ਼ਮੀ ਨਹੀਂ ਹੈ।
5. ਜਨਰਲ ਅਧਿਆਪਕਾਂ ਲਈ ਉਮੀਦਵਾਰ ਨੇ ਗ੍ਰੈਜੂਏਸ਼ਨ ਅਤੇ ਬੀ.ਐਡ ਕੀਤੀ ਹੋਵੇ ਅਤੇ ਉਕਤ ਡਿਗਰੀਆਂ ਵਿੱਚ ਘੱਟ ਤੋਂ ਘੱਟ 50% ਅੰਕ ਹੋਣੇ ਲਾਜ਼ਮੀ ਹਨ। CTET/PTET ਉਮੀਦਵਾਰਾਂ ਨੂੰ ਤਰਜੀਹ ਦਿੱਤੀ ਜਾਵੇਗੀ।
6. ਨਰਸਰੀ ਅਧਿਆਪਕ (ਐਨ.ਟੀ.ਟੀ.) ਪੋਸਟਾਂ ਲਈ ਉਮੀਦਵਾਰ ਨੇ +2, ਐਨ.ਟੀ.ਟੀ. ਕੀਤੀ ਹੋਣੀ ਲਾਜ਼ਮੀ ਹੈ।
7. ਉਮੀਦਵਾਰ ਨੇ ਦਸਵੀਂ ਪੱਧਰ ਤੱਕ ਪੰਜਾਬੀ ਪਾਸ ਕੀਤੀ ਹੋਣੀ ਚਾਹੀਦੀ ਹੈ।
8. ਉਮੀਦਵਾਰ ਦਾ ਤਜ਼ਰਬਾ ਕੇਵਲ ਕਿਸੇ ਵੀ ਬੋਰਡ ਤੋਂ ਮਾਨਤਾ ਪ੍ਰਾਪਤ ਸਕੂਲ ਦਾ ਹੀ ਮੰਨਿਆ ਜਾਵੇਗਾ ਅਤੇ ਤਜ਼ਰਬਾ ਸਰਟੀਫਿਕੇਟ **ਜ਼ਿਲ੍ਹਾ ਸਿੱਖਿਆ ਅਫ਼ਸਰ** ਤੋਂ ਤਸਦੀਕ ਹੋਣਾ ਲਾਜ਼ਮੀ ਹੈ।
9. ਉਮੀਦਵਾਰਾਂ ਦੀ ਗਿਣਤੀ ਵੱਧ ਹੋਣ ਦੀ ਸੂਰਤ ਵਿੱਚ ਲਿਖਤੀ ਟੈਸਟ ਵੀ ਲਿਆ ਜਾ ਸਕਦਾ ਹੈ। ਇਹ ਟੈਸਟ Multiple Choice Questions ਦਾ ਹੋਵੇਗਾ। ਟੈਸਟ ਦਾ ਸਿਲੇਬਸ ਜਨਰਲ ਅੰਗਰੇਜ਼ੀ, ਸਿੱਖ ਹਿਸਟਰੀ, General Awareness and Teaching Aptitude ਹੈ। ਟੀ.ਜੀ.ਟੀ/ਪੀ.ਜੀ.ਟੀ. (ਵਿਸ਼ਾ ਅਧਿਆਪਕ) ਲਈ ਟੈਸਟ Multiple Choice Questions ਹੋਵੇਗਾ। ਟੈਸਟ ਦਾ ਸਿਲੇਬਸ ਸਬੰਧਤ ਵਿਸ਼ਾ, ਜਨਰਲ ਅੰਗਰੇਜ਼ੀ, ਸਿੱਖ ਹਿਸਟਰੀ, General Awareness and Teaching Aptitude ਹੈ।
10. ਉਮੀਦਵਾਰ ਚੰਗੇ ਅਕਾਦਮਿਕ ਪਿਛੋਕੜ ਵਾਲੇ ਅਤੇ ਅੰਗਰੇਜ਼ੀ ਬੋਲਣ ਵਿਚ ਨਿਪੁੰਨਤਾ ਖਾਸ ਕਰਕੇ (ਸੀ.ਬੀ.ਐਸ.ਈ. ਸਕੂਲਾਂ ਲਈ) ਰੱਖਦੇ ਹੋਣ।
11. ਇੰਟਰਵਿਊ ਸਮੇਂ ਉਮੀਦਵਾਰ ਕੋਲ ਮਾਸਟਰ ਡਿਗਰੀ (ਪੋਸਟ ਗਰੈਜੂਏਸ਼ਨ ਅਤੇ ਬੀ.ਐਡ) ਦਾ ਫਾਈਨਲ ਰਿਜ਼ਲਟ ਹੋਣਾ ਲਾਜ਼ਮੀ ਹੈ।
12. ਇੰਟਰਵਿਊ ਸਮੇਂ ਉਮੀਦਵਾਰ ਨੂੰ ਆਪਣੀ ਵਿਦਿਅਕ ਯੋਗਤਾ ਅਤੇ ਤਜ਼ਰਬੇ ਦੇ ਅਸਲ ਦਸਤਾਵੇਜ਼ (ਸਮੇਤ 1 ਸੈੱਟ ਫੋਟੋਕਾਪੀ) ਨਾਲ ਲੈ ਕੇ ਆਉਣੇ ਲਾਜ਼ਮੀ ਹਨ।
13. **ਸਿੱਖ ਉਮੀਦਵਾਰ ਪਤਿਤ ਨਹੀਂ ਹੋਣਾ ਚਾਹੀਦਾ।**
14. ਅਸਾਮੀਆਂ ਦੀ ਗਿਣਤੀ ਵਰਕਲੋਡ ਅਨੁਸਾਰ ਘੱਟ-ਵੱਧ ਹੋ ਸਕਦੀ ਹੈ।
15. ਨਿਮਨ ਹਸਤਾਖਰੀ ਪਾਸ ਇੰਟਰਵਿਊ ਨੂੰ ਰੱਦ/ਮੁਲਤਵੀ ਕਰਨ ਦਾ ਅਧਿਕਾਰ ਰਾਖਵਾਂ ਹੈ।
16. ਇੰਟਰਵਿਊ ਲਈ ਆਉਣ/ਜਾਉਣ ਵਾਸਤੇ ਉਮੀਦਵਾਰਾਂ ਨੂੰ ਕੋਈ ਟੀ.ਏ./ਡੀ.ਏ. ਨਹੀਂ ਦਿੱਤਾ ਜਾਵੇਗਾ।
17. ਉਮੀਦਵਾਰ ਇੰਟਰਵਿਊ 'ਤੇ ਆਉਣ ਤੋਂ ਇੱਕ ਦਿਨ ਪਹਿਲਾਂ ਵੈੱਬਸਾਈਟ **(www.desgpc.org)** ਜਰੂਰ ਦੇਖਣ ਕਿਉਂਕਿ ਇੰਟਰਵਿਊ ਦੀ ਮਿਤੀ/ਸਮਾਂ ਬਦਲਿਆ ਜਾ ਸਕਦਾ ਹੈ।

-ਸਹੀ-

**(ਸਕੱਤਰ ਵਿੱਦਿਆ/ਡਾਇਰੈਕਟਰ ਐਜੂਕੇਸ਼ਨ)**

## ਸਕੂਲਾਂ ਦੇ ਅਧਿਆਪਕ ਸਾਹਿਬਾਨ ਦੀ ਇੰਟਰਵਿਊ ਦੀ ਸਮਾਂ-ਸਾਰਣੀ

| ਇੰਟਰਵਿਊ ਦੀ ਮਿਤੀ | ਇੰਟਰਵਿਊ ਦਾ ਸਮਾਂ | ਇੰਟਰਵਿਊ ਦਾ ਸਥਾਨ | ਜਿਸ ਸਕੂਲ ਲਈ ਅਪਲਾਈ ਕੀਤਾ ਹੈ |
|---|---|---|---|
| **11-06-2024, ਦਿਨ ਮੰਗਲਵਾਰ** | **ਸਵੇਰੇ 09:30 ਵਜੇ** | **ਡਾਇਰੈਕਟੋਰੇਟ ਆਫ਼ ਐਜੂਕੇਸ਼ਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਇੰਸਟੀਚਿਊਟ ਆਫ ਐਡਵਾਂਸਡ ਸਟੱਡੀਜ਼ ਇਨ ਸਿੱਖਇਜ਼ਮ, ਬਹਾਦਰਗੜ੍ਹ, ਪਟਿਆਲਾ** | ਭਾਈ ਬਹਿਲੋ ਜੀ ਪਬਲਿਕ ਸਕੂਲ, **ਫਫੜੇ ਭਾਈ ਕੇ** (ਮਾਨਸਾ) |
| | | | ਗੁਰੂ ਤੇਗ ਬਹਾਦਰ ਖ਼ਾਲਸਾ ਪਬਲਿਕ ਸਕੂਲ, **ਛਾਜਲੀ,** ਤਹਿ:ਸੁਨਾਮ (ਸੰਗਰੂਰ) |
| | | | ਮਾਤਾ ਗੁਜਰੀ ਪਬਲਿਕ ਸਕੂਲ, **ਥੇੜ੍ਹੀ ਸਾਹਿਬ** (ਸ੍ਰੀ ਮੁਕਤਸਰ ਸਾਹਿਬ) |
| | | | ਸਾਹਿਬਜ਼ਾਦਾ ਜੁਝਾਰ ਸਿੰਘ ਪਬਲਿਕ ਸਕੂਲ, **ਕੋਟ ਧਰਮੂ** (ਮਾਨਸਾ) |
| | | | ਦਸਮੇਸ਼ ਪਬਲਿਕ ਸੀਨੀ:ਸੈਕੰ: ਸਕੂਲ, **ਟਾਹਲੀਆਣਾ ਸਾਹਿਬ** ਰਾਏਕੋਟ (ਲੁਧਿਆਣਾ) |
| **12-06-2024 ਦਿਨ ਬੁੱਧਵਾਰ** | **ਸਵੇਰੇ 09:30 ਵਜੇ** | **ਡਾਇਰੈਕਟੋਰੇਟ ਆਫ਼ ਐਜੂਕੇਸ਼ਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਇੰਸਟੀਚਿਊਟ ਆਫ ਐਡਵਾਂਸਡ ਸਟੱਡੀਜ਼ ਇਨ ਸਿੱਖਇਜ਼ਮ, ਬਹਾਦਰਗੜ੍ਹ, ਪਟਿਆਲਾ** | ਗੁਰੂ ਨਾਨਕ ਸੀਨੀ: ਸੈਕੰ: ਸਕੂਲ, **ਤਖ਼ਤੂਪੁਰਾ (ਮੋਗਾ)** |
| | | | ਸੰਤ ਹਰਚੰਦ ਸਿੰਘ ਲੌਂਗੋਵਾਲ ਪਬਲਿਕ ਸਕੂਲ, **ਸ਼ੇਰਪੁਰ** (ਸੰਗਰੂਰ) |
| | | | ਦਸਮੇਸ਼ ਪਬਲਿਕ ਸਕੂਲ, **ਗੁਰਪਲਾਹ ਸਾਹਿਬ, ਊਨਾ** (ਹਿਮਾਚਲ ਪ੍ਰਦੇਸ਼) |
| | | | ਪਰਿਵਾਰ ਵਿਛੋੜਾ ਪਬਲਿਕ ਸਕੂਲ, **ਸਰਸਾ ਨੰਗਲ** (ਰੋਪੜ) |
| | | | ਖ਼ਾਲਸਾ ਪਬਲਿਕ ਸਕੂਲ, ਗੁਰੂ ਬੀੜ **ਜੰਡ ਸਾਹਿਬ** (ਰੋਪੜ) |
| | | | ਭਾਈ ਨੰਦ ਲਾਲ ਪਬਲਿਕ ਸੀਨੀ:ਸੈਕੰ: ਸਕੂਲ, **ਸ੍ਰੀ ਅਨੰਦਪੁਰ ਸਾਹਿਬ** (ਰੋਪੜ) |
| **13-06-2024, ਦਿਨ ਵੀਰਵਾਰ** | **ਸਵੇਰੇ 09:30 ਵਜੇ** | **ਡਾਇਰੈਕਟੋਰੇਟ ਆਫ਼ ਐਜੂਕੇਸ਼ਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਇੰਸਟੀਚਿਊਟ ਆਫ ਐਡਵਾਂਸਡ ਸਟੱਡੀਜ਼ ਇਨ ਸਿੱਖਇਜ਼ਮ, ਬਹਾਦਰਗੜ੍ਹ, ਪਟਿਆਲਾ** | ਦਸਮੇਸ਼ ਪਬਲਿਕ ਸੀਨੀ:ਸੈਕੰ:ਸਕੂਲ, **ਮਾਣੂੰਕੇ,** ਤਹਿਸੀਲ ਜਗਰਾਉਂ (ਲੁਧਿਆਣਾ) |
| | | | ਗੁਰੂ ਗੋਬਿੰਦ ਸਿੰਘ ਪਬਲਿਕ ਸਕੂਲ, **ਗੰਗਸਰ-ਜੈਤੋ** (ਫਰੀਦਕੋਟ) |
| | | | ਗੁਰੂ ਗੋਬਿੰਦ ਸਿੰਘ ਪਬਲਿਕ ਸਕੂਲ, **ਮਲੂਕਾ** (ਬਠਿੰਡਾ) |
| | | | ਮਾਤਾ ਸੁੰਦਰੀ ਪਬਲਿਕ ਸਕੂਲ, **ਕੋਟ ਸ਼ਮੀਰ** (ਬਠਿੰਡਾ) |
| | | | ਸੰਤ ਬਾਬਾ ਫ਼ਤਹਿ ਸਿੰਘ ਪਬਲਿਕ ਸਕੂਲ, **ਬੱਲੋ ਬਦਿਆਲਾ** (ਬਠਿੰਡਾ) |

| ਇੰਟਰਵਿਊ ਦੀ ਮਿਤੀ | ਇੰਟਰਵਿਊ ਦਾ ਸਮਾਂ | ਇੰਟਰਵਿਊ ਦਾ ਸਥਾਨ | ਜਿਸ ਸਕੂਲ ਲਈ ਅਪਲਾਈ ਕੀਤਾ ਹੈ |
|---|---|---|---|
| **15-06-2024, ਦਿਨ ਸਨੀਵਾਰ** | **ਸਵੇਰੇ 09:30 ਵਜੇ** | **ਸ੍ਰੀ ਗੁਰੂ ਨਾਨਕ ਗਰਲਜ਼ ਸੀਨੀਅਰ ਸੈਕੰਡਰੀ ਸਕੂਲ, ਘੀ ਮੰਡੀ, ਸ੍ਰੀ ਅੰਮ੍ਰਿਤਸਰ ਸਾਹਿਬ** | ਬਾਬਾ ਬੁੱਢਾ ਜੀ ਪਬਲਿਕ ਸੀਨੀ: ਸੈਕੰ: ਸਕੂਲ, **ਬੀੜ ਸਾਹਿਬ**, ਠੱਠਾ (ਤਰਨ ਤਾਰਨ) |
| | | | ਖ਼ਾਲਸਾ ਸੀਨੀ:ਸੈਕੰ:ਸਕੂਲ, **ਬੀੜ ਬਾਬਾ ਬੁੱਢਾ ਸਾਹਿਬ**, ਠੱਠਾ (ਤਰਨ ਤਾਰਨ) |
| | | | ਭਾਈ ਮਹਾਂ ਸਿੰਘ ਖ਼ਾਲਸਾ ਪਬਲਿਕ ਸਕੂਲ, **ਜਲਾਲਾਬਾਦ**-ਪੱਛਮੀ (ਫਾਜਿਲਕਾ) |
| | | | ਮਾਤਾ ਦਮੋਦਰੀ ਕੰਨਿਆ ਕਾਲਜੀਏਟ ਸੀ:ਸੈਕੰ:ਸਕੂਲ, **ਡਰੋਲੀ ਭਾਈ** (ਮੋਗਾ) |
| | | | **ਭੁਪਿੰਦਰਾ** ਖ਼ਾਲਸਾ ਸੀਨੀ: ਸੈਕੰ:ਸਕੂਲ, ਮੋਗਾ |
| | | | ਸਾਹਿਬਜ਼ਾਦਾ ਅਜੀਤ ਸਿੰਘ ਪਬਲਿਕ ਸਕੂਲ, **ਬਜ਼ੀਦਪੁਰ** (ਫਿਰੋਜ਼ਪੁਰ) |
| | | | ਸਾਹਿਬਜ਼ਾਦਾ ਜ਼ੋਰਾਵਰ ਸਿੰਘ ਪਬਲਿਕ ਸਕੂਲ, **ਨਡਾਲਾ** (ਕਪੂਰਥਲਾ) |
| **19-06-2024, ਦਿਨ ਬੁੱਧਵਾਰ** | **ਸਵੇਰੇ 09:30 ਵਜੇ** | **ਸ੍ਰੀ ਗੁਰੂ ਨਾਨਕ ਗਰਲਜ਼ ਸੀਨੀਅਰ ਸੈਕੰਡਰੀ ਸਕੂਲ, ਘੀ ਮੰਡੀ, ਸ੍ਰੀ ਅੰਮ੍ਰਿਤਸਰ ਸਾਹਿਬ** | ਗੁਰੂ ਅਰਜਨ ਦੇਵ ਪਬਲਿਕ ਸਕੂਲ, **ਬਾਰਠ ਸਾਹਿਬ** (ਪਠਾਨਕੋਟ) |
| | | | ਗੁਰੂ ਨਾਨਕ ਦੇਵ ਅਕੈਡਮੀ (ਸੀ:ਸੈ:), **ਜਲੰਧਰ ਰੋਡ ਬਟਾਲਾ** (ਗੁਰਦਾਸਪੁਰ) |
| | | | ਗੁਰੂ ਨਾਨਕ ਦੇਵ ਅਕੈਡਮੀ, **ਓਠੀਆਂ**-ਬਟਾਲਾ (ਗੁਰਦਾਸਪੁਰ) |
| | | | ਸ੍ਰੀ ਗੁਰੂ ਰਾਮਦਾਸ ਪਬਲਿਕ ਸਕੂਲ, **ਗੋਲਡਨ ਟੈਂਪਲ ਕਲੋਨੀ**, ਸੁਲਤਾਨਵਿੰਡ ਰੋਡ, ਸ੍ਰੀ ਅੰਮ੍ਰਿਤਸਰ ਸਾਹਿਬ। |
| | | | ਸਾਹਿਬਜ਼ਾਦਾ ਅਜੀਤ ਸਿੰਘ ਪਬਲਿਕ ਸਕੂਲ, **ਲੱਧੇਵਾਲ-ਮਾਹਿਲਪੁਰ** (ਹੁਸ਼ਿਆਰਪੁਰ) |
| | | | ਕੱਲਰ ਖ਼ਾਲਸਾ ਸੀਨੀ: ਸੈਕੰ: ਸਕੂਲ, **ਹਰਿਆਣਾ** (ਹੁਸ਼ਿਆਰਪੁਰ) |
| | | | ਸ੍ਰੀ ਗੁਰੂ ਹਰਗੋਬਿੰਦ ਸਾਹਿਬ ਸੀਨੀ: ਸੈਕੰ: ਪਬਲਿਕ ਸਕੂਲ, **ਰਮਦਾਸ** (ਸ੍ਰੀ ਅੰਮ੍ਰਿਤਸਰ ਸਾਹਿਬ) |
| **20-06-2024, ਦਿਨ ਵੀਰਵਾਰ** | **ਸਵੇਰੇ 09:30 ਵਜੇ** | **ਸ੍ਰੀ ਗੁਰੂ ਨਾਨਕ ਗਰਲਜ਼ ਸੀਨੀਅਰ ਸੈਕੰਡਰੀ ਸਕੂਲ, ਘੀ ਮੰਡੀ, ਸ੍ਰੀ ਅੰਮ੍ਰਿਤਸਰ ਸਾਹਿਬ** | **ਮਹਾਰਾਜਾ ਰਣਜੀਤ** ਸਿੰਘ ਪਬਲਿਕ ਸੀਨੀ: ਸੈਕੰ: ਸਕੂਲ, **ਤਰਨ ਤਾਰਨ**। |
| | | | ਬੀਬੀ ਰਜਨੀ ਪਬਲਿਕ ਸੀਨੀ: ਸੈਕੰ: ਸਕੂਲ, **ਪੱਟੀ** (ਤਰਨਤਾਰਨ) |
| | | | ਮਹਾਰਾਜਾ ਰਣਜੀਤ ਸਿੰਘ ਪਬਲਿਕ ਸਕੂਲ, **ਦਿਆਲਪੁਰਾ** (ਤਰਨ ਤਾਰਨ) |
| | | | **ਸ੍ਰੀ ਗੁਰੂ ਰਾਮਦਾਸ** ਖ਼ਾਲਸਾ ਸੀਨੀ:ਸੈਕੰ: ਸਕੂਲ, **ਰਾਮਸਰ ਰੋਡ,** ਸ੍ਰੀ ਅੰਮ੍ਰਿਤਸਰ ਸਾਹਿਬ। |
| | | | ਸ੍ਰੀ ਗੁਰੂ ਹਰਗੋਬਿੰਦ ਸਾਹਿਬ ਖ਼ਾਲਸਾ ਸੀਨੀ:ਸੈਕੰ:ਸਕੂਲ, **ਛੇਹਰਟਾ ਸਾਹਿਬ** (ਸ੍ਰੀ ਅੰਮ੍ਰਿਤਸਰ ਸਾਹਿਬ) |
| | | | ਸਾਹਿਬਜ਼ਾਦਾ ਬਾਬਾ ਫਤਹਿ ਸਿੰਘ ਪਬਲਿਕ ਸਕੂਲ, **ਗੁਰੂ ਕਾ ਬਾਗ**, ਤਹਿ:ਅਜਨਾਲਾ (ਸ੍ਰੀ ਅੰਮ੍ਰਿਤਸਰ ਸਾਹਿਬ) |